# तूँ वी भगता जय माता दी बोल

ਸੋਹਣਾ ਜੇਹਾ ਵੇਖਿਆ "ਪਹਾੜਾਂ ਵਿੱਚ ਡੇਰਾ"* ।
ਜਿੱਥੇ ਜਾਵੇ ਕੱਟਿਆ, "ਚੌਰਾਸੀ ਵਾਲਾ ਫ਼ੇਰਾ" ॥,,
ਸੰਗਤਾਂ ਪਾਉਣ, ਧਮਾਲਾਂ ਵੱਜਦੇ, ਢੋਲ ਦਵਾਰੇ ਤੇ*,
ਤੂੰ ਵੀ ਭਗਤਾ, ਜੈ ਮਾਤਾ ਦੀ, ਬੋਲ ਦਵਾਰੇ ਤੇ x॥
^ਜੈ ਜੈ ਬੋਲ,,, ਜੈ ਜੈ ਬੋਲ,,, x॥

ਸ਼ਰਧਾ ਦੇ ਨਾਲ, ਕਹਿੰਦੇ ਜੋ ਵੀ, "ਮਾਂ ਦੇ ਦਰ ਆਵੇ" ।
ਪੂਰੀਆਂ ਹੋਣ, ਉਮੀਦਾਂ ਦਰ ਤੋਂ, "ਝੋਲੀਆਂ ਭਰ ਜਾਵੇ" ॥
ਹੀਰ ਏਹ ਲਿੱਖਦਾ, ਦੁੱਖ ਸੁਖ ਬਹਿ ਕੇ, ਫ਼ੋਲ ਦਵਾਰੇ ਤੇ*,
ਤੂੰ ਵੀ ਭਗਤਾ, ਜੈ ਮਾਤਾ ਦੀ, ਬੋਲ ਦਵਾਰੇ ਤੇ x॥
^ਜੈ ਜੈ ਬੋਲ,,, ਜੈ ਜੈ ਬੋਲ,,, x॥

ਤੇਰੇ ਦਰ ਦੀਆਂ, ਧੁੰਮਾਂ ਪਈਆਂ, "ਚਾਰ ਚੁਫ਼ੇਰੇ ਨੇ" ।
ਏਸੇ ਦਰ ਤੋਂ, ਤੇਰੇ ਹੋਣੇ, "ਦੂਰ ਹਨੇਰੇ ਨੇ" ॥
ਪਾ ਸ਼ਰਧਾ ਦੇ, ਵੱਟੇ ਕਿਸਮਤ, ਤੋਲ ਦਵਾਰੇ ਤੇ*,
ਤੂੰ ਵੀ ਭਗਤਾ, ਜੈ ਮਾਤਾ ਦੀ, ਬੋਲ ਦਵਾਰੇ ਤੇ x॥
^ਜੈ ਜੈ ਬੋਲ,,, ਜੈ ਜੈ ਬੋਲ,,, x॥

ਸੱਚੇ ਦਿਲੋਂ, ਸੰਜੀਵ ਜੇ ਓਹਦਾ, "ਨਾਮ ਧਿਆਵੇਂਗਾ" ।
ਤਰ ਗਏ, ਜਿੱਥੇ ਲੱਖਾਂ, "ਤੂੰ ਵੀ ਤਰ ਜਾਵੇਂਗਾ" ॥
ਵਾਂਗ ਸਿਕੰਦਰ, ਬਹਿ ਜਾ ਚਰਨਾਂ, ਕੋਲ ਦਵਾਰੇ ਤੇ*,
ਤੂੰ ਵੀ ਭਗਤਾ, ਜੈ ਮਾਤਾ ਦੀ, ਬੋਲ ਦਵਾਰੇ ਤੇ x॥
^ਜੈ ਜੈ ਬੋਲ,,, ਜੈ ਜੈ ਬੋਲ,,, x॥

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/23925/title/tu-bhi-bhagta-jai-mata-di-bol

अपने Android मोबाइल पर BhajanGanga App डाउनलोड करें और भजनों का आनंद ले |